التعليم فوق الجميع | education above all

# ਆਪਣੀ ਪਰਿਵਾਰ ਲਈ ਪਹਿਚਾਣ ਪੱਤਰ ਬਣਾਓ (ਪੱਧਰ 1)

| | |
|---|---|
| **ਵੇਰਵਾ-** | ਸਿਖਿਆਰਥੀ ਹਰੇਕ ਮੈਂਬਰ ਕੋਲੋਂ ਸਵਾਲ ਜਵਾਬ (ਇੰਟਰਵਿਊ) ਕਰੇਗਾ ਅਤੇ ਉਹਨਾਂ ਲਈ ਪਹਿਚਾਣ ਪੱਤਰ ਬਣਾਵੇਗਾ। ਇਸ ਗਤੀਵਿਧੀ ਦੇ ਦੁਵਾਰਾ ਸਿਖਿਆਰਥੀ ਪਰਿਵਾਰ ਨਾਲ ਹੋਰ ਜੁੜੇਗਾ ਅਤੇ ਕੀ ਸਮਾਨਤਾਵਾਂ ਅਤੇ ਅੰਤਰ ਹਨ ਬਾਰੇ ਜਾਣੇਗਾ/ਸਿੱਖੇਗਾ। ਇਸ ਤੋਂ ਇਲਾਵਾ ਉਹ ਲਿਖਤ ਦੇ ਹੁਨਰ ਦਾ ਅਭਿਆਸ ਵੀ ਕਰੇਗਾ<br>ਨੋਟ: ਗਤੀਵਿਧੀ ਨੂੰ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਬਣਾਇਆ ਜਾ ਸਕਦਾ ਹੈ। |
| **ਮੁੱਖ ਪ੍ਰਸ਼ਨ** | ਕੀ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਪਹਿਚਾਣ ਪੱਤਰ ਬਣਾ ਸਕਦੇ ਹੋ ਜਿਸਦੇ ਵਿੱਚ ਉਹਨਾਂ ਦੀਆਂ ਸਮਾਨਤਾਵਾਂ, ਅੰਤਰ, ਅਤੇ ਹੋਰ ਨਿੱਜੀ ਜਾਣਕਾਰੀ ਹੋਵੇਗੀ। |
| **ਕੁੱਲ ਲੋੜੀਂਦਾ ਸਮਾਂ** | ਤਿੰਨ ਦਿਨਾਂ ਵਿੱਚ ਤਿੰਨ ਘੰਟੇ |
| **ਲੋੜੀਂਦੀ ਸਮੱਗਰੀ** | ਪੈਨਸਿਲ, ਕਾਗਜ਼ / ਨੋਟਬੁੱਕ, ਰੰਗ , ਸਟਿੱਕਰ, ਗੂੰਦ |
| **ਸਿੱਖਣ ਦੇ ਨਤੀਜੇ** | 1. ਲਿਖਣ ਦੇ ਹੁਨਰ ਦਾ ਅਭਿਆਸ ਹੋਵੇਗਾ<br>2. ਸਵਾਲ ਜਵਾਬ ਕਰਨ ਦਾ ਅਭਿਆਸ ਹੋਵੇਗਾ<br>3. ਨਵੀਂ ਸ਼ਬਦਾਵਲੀ ਪਤਾ ਲਗੇਗੀ |
| **ਪਹਿਲੀ ਜਾਣਕਾਰੀ** | ਰੰਗ, ਨੰਬਰ, ਗਤੀਵਿਧੀਆਂ, ਆਦਿ ਲਈ ਭਾਸ਼ਾ ਵਿਚ ਵਰਤੇ ਜਾਂਦੇ ਅੱਖਰ ਅਤੇ ਸ਼ਬਦਾਵਲੀ |

## ਪਹਿਲਾ ਦਿਨ (1)

**ਅੱਜ ਤੁਸੀਂ ਸਿੱਖੋਗੇ ਕਿ ਇੱਕ ਪਹਿਚਾਣ ਪੱਤਰ ਕੀ ਹੈ ਅਤੇ ਇਸਨੂੰ ਬਣਾਉਣਾ ਸ਼ੁਰੂ ਕਰੋਗੇ।**

| **ਸੁਝਾਇਆ ਗਿਆ ਸਮਾਂ** | **ਗਤੀਵਿਧੀ ਅਤੇ ਵੇਰਵਾ** |
|---|---|
| **10 ਮਿੰਟ** | •ਸਿੱਖਿਆਰਥੀ ਇਹ ਸਮਝਣ ਲਈ ਪ੍ਰੋਜੈਕਟ 'ਤੇ ਕੰਮ ਕਰੇਗਾ ਕਿ ਉਸਦੇ ਘਰ ਵਿੱਚ ਹਰ ਕੋਈ ਇਕੋ ਜਿਹਾ ਜਾਂ ਵੱਖਰਾ ਹੈ ਅਤੇ ਇਸ ਲਈ ਪਹਿਚਾਣ ਪੱਤਰ ਬਣਾਵੇਗਾ। ਉਹ ਹਰੇਕ ਮੈਂਬਰ ਦੀ ਤੁਲਨਾ ਕਰਨ ਲਈ ਉਹ ਦੇਖੇਗਾ ਕਿ ਉਹ ਕਿਵੇਂ ਕੁਝ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ।<br>ਪਹਿਚਾਣ ਪੱਤਰ ਵਿਚ ਕਿਸੇ ਬਾਰੇ ਉਹ ਜਾਣਕਾਰੀ ਹੁੰਦੀ ਹੈ ਜੋ ਕਿਸੇ ਦੀ ਪਛਾਣ ਵਿਚ ਸਹਾਇਤਾ ਕਰ ਸਕਦੀ ਹੈ। ਜਿਵੇਂ ਕਿ - ਉਹਨਾਂ ਦਾ ਨਾਮ, ਉਮਰ, ਨੌਕਰੀ, ਕੀ ਪਸੰਦ ਹੈ ਆਦਿ ਇਸ ਵਿੱਚ ਤਸਵੀਰ ਵੀ ਹੋਵੇਗੀ। |

<table>
<tr><td></td><td>●ਮਾਪਿਆਂ ਲਈ- ਤੁਸੀਂ ਸਿੱਖਿਆਰਥੀ ਨੂੰ ਆਪਣਾ ਕੋਈ ਪਹਿਚਾਣ ਪੱਤਰ ਦਿਖਾ ਸਕਦੇ ਹੋ, ਜਿਵੇਂ ਕਿ ਅੱਧਾਰ ਕਾਰਡ, ਵੋਟਰ ਕਾਰਡ ਆਦਿ।<br>●ਉਨ੍ਹਾਂ ਨੂੰ ਦੱਸੋ ਕਿ ਹਰੇਕ ਦੀ ਆਪਣੀ ਦਿਖ, ਸ਼ੈਲੀ ਅਤੇ ਸੋਚਣ ਦਾ ਤਰੀਕਾ ਹੈ ਅਤੇ ਇਹ ਮਹੱਤਵਪੂਰਨ ਹੈ ਕਿ ਅਸੀਂ ਮਤਭੇਦਾਂ ਨੂੰ ਸਮਝੀਏ ਅਤੇ ਉਨ੍ਹਾਂ ਦਾ ਸਤਿਕਾਰ ਕਰੀਏ।<br>ਸਿੱਖਿਅਕ ਇਸ ਗੱਲ ਤੇ ਵਿਚਾਰ ਕਰ ਸਕਦਾ ਹੈ ਕਿ ਉਹ ਕਿਵੇਂ ਪਰਿਵਾਰ ਮੈਂਬਰ, ਭੈਣ-ਭਰਾ ਇਕੋ ਜਿਹੇ ਹਨ ਅਤੇ ਵੱਖਰੇ ਹਨ।</td></tr>
<tr><td>10 ਮਿੰਟ</td><td>●ਸਿਖਿਆਰਥੀ ਪਹਿਚਾਣ ਪੱਤਰ ਵਿੱਚ ਆਦਤਾਂ ਦੇ ਅੰਤਰ ਅਤੇ ਤੁਲਨਾ ਕਰਨ ਲਈ ਕੁਝ ਸ਼੍ਰੇਣੀਆਂ ਨਿਸ਼ਚਿਤ ਕਰੇਗਾ। ਉਦਾਹਰਣ ਲਈ- ਹਰ ਕਿਸੇ ਦਾ ਮਨਪਸੰਦ ਰੰਗ, ਫਿਲਮ, ਖੇਡ,<br>ਮਿਠਾਈ, ਫ਼ਲ ਆਦਿ। ਘੱਟੋ ਘੱਟ 10 ਸ਼੍ਰੇਣੀਆਂ ਨਿਸ਼ਚਿਤ ਕਰੋ ਜਿਸ ਵਿੱਚ ਨਿੱਜੀ ਜਾਣਕਾਰੀ ਜਿਵੇਂ ਕਿ ਨਾਮ, ਉਮਰ, ਕੱਦ, ਨੌਕਰੀ, ਵਾਲ਼ਾ ਦਾ ਰੰਗ, ਅੱਖਾਂ ਦਾ ਰੰਗ, ਆਦਿ ਸ਼ਾਮਲ ਹੋਣ।</td></tr>
<tr><td>5-10 ਮਿੰਟ</td><td>ਜੀਵ ਵਿਗਿਆਨ ਦੇ ਵਿਸ਼ੇ ਨਾਲ ਜਾਣ ਪਛਾਣ ਕਰਾਓ ਅਤੇ ਦੱਸੋ ਕਿ ਵਿਸ਼ੇਸ਼ਤਾਵਾਂ ਅਤੇ ਗੁਣ ਹਨ ਮਾਪਿਆਂ ਦੁਆਰਾ ਉਨ੍ਹਾਂ ਦੇ ਬੱਚਿਆਂ ਨੂੰ ਮਿਲਦੇ ਹਨ, ਇਸ ਲਈ ਸਾਡੇ ਪਰਿਵਾਰ ਵਿੱਚ ਵਾਲਾਂ ਅਤੇ ਅੱਖਾਂ ਦੇ ਰੰਗ ਇੱਕੋ ਜਿਹੇ ਹਨ।</td></tr>
<tr><td>10-20 ਮਿੰਟ</td><td>ਸਿੱਖਿਅਕ ਪਰਿਵਾਰਕ ਮੈਂਬਰਾਂ ਦੀ ਗਿਣਤੀ ਦੇ ਅਨੁਸਾਰ ਕਾਗਜ਼ ਵੱਖਰੇ ਵੱਖਰੇ ਕਰਕੇ ਰੱਖ ਦੇਣਗੇ ਜਾਂ ਫਿਰ ਕਾਪੀ ਦੇ ਪੰਨਿਆਂ 'ਤੇ ਸ਼੍ਰੇਣੀਆਂ / ਪ੍ਰਸ਼ਨ ਲਿਖਣਗੇ।<br>ਹਰ ਪਰਿਵਾਰ ਦੇ ਮੈਂਬਰਾਂ ਦੇ ਜਵਾਬਾਂ ਨੂੰ ਰਿਕਾਰਡ ਕਰਨਗੇ।<br>ਹੇਠਾਂ ਦਿੱਤੀ ਉਧਾਰਣ ਦੇ ਸਕਦੇ ਹੋ :
<table>
<tr><td>ਪਹਿਚਾਣ ਪੱਤਰ</td><td>ਤਸਵੀਰ ਚਿਪਕਾਓ<br>ਜਾਂ<br>ਹੱਥ ਨਾਲ ਬਣਾਓ</td></tr>
<tr><td>ਨਾਮ</td><td></td></tr>
<tr><td>ਉਮਰ</td><td></td></tr>
<tr><td>ਕੱਦ</td><td></td></tr>
<tr><td>ਅੱਖਾਂ ਦਾ ਰੰਗ</td><td></td></tr>
<tr><td>ਵਾਲਾਂ ਦਾ ਰੰਗ</td><td></td></tr>
<tr><td>ਮਨਪਸੰਦ ਸਬਜ਼ੀ</td><td></td></tr>
</table>
</td></tr>
</table>

<table>
<tr><td></td><td><table><tr><td>ਮਨਪਸੰਦ ਫ਼ਲ</td><td></td></tr><tr><td>ਮਨਪਸੰਦ ਰੰਗ</td><td></td></tr></table></td></tr>
<tr><td>10-20 ਮਿੰਟ</td><td>●ਸਿੱਖਿਅਕ ਹਰੇਕ ਪਰਿਵਾਰਕ ਮੈਂਬਰ ਦਾ ਚਿਹਰਾ ਕਾਰਡ ਤੇ ਬਣਾਵੇਗਾ। ਜੇ ਇਹ ਮੁਸ਼ਕਲ ਹੈ, ਉਹ ਪਰਿਵਾਰ ਦੇ ਮੈਂਬਰ ਦੀ ਫੋਟੋ ਨੂੰ ਗਲੂ/ਗੂੰਦ ਨਾਲ ਜੋੜ ਸਕਦੇ ਹਨ।<br>●ਜੇ ਸਿਖਿਅਕ ਅਜੇ ਲਿਖਣ ਦੇ ਅਯੋਗ ਹੈ, ਤਾਂ ਸ਼੍ਰੇਣੀਆਂ ਅਤੇ ਉਹਨਾਂ ਨੂੰ ਲੱਭਣ ਲਈ ਬਿੰਦੀਆਂ ਵਾਲੀਆਂ ਲਾਈਨਾਂ ਖਿੱਚ ਸਕਦੇ ਹਨ</td></tr>
<tr><td></td><td></td></tr>
</table>